# ਦਫਤਰ: ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਸੰਗਰੂਰ।

ਨੰ: ਸਰਸ/ਆਰ.ਕੇ.-1/ 434 ਮਿਤੀ/ 05/09/24

ਸੇਵਾ ਵਿਖੇ

ਮਾਨਯੋਗ ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ : **ਦੀ ਭਿੰਡਰਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਵਿੱਚ ਸੇਵਾਦਾਰ-ਕਮ-ਚੌਕੀਦਾਰ ਦੀ ਨਿਯੁਕਤੀ ਲਈ ਇਸਤਿਹਾਰ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।**

ਉਪਰੋਕਤ ਵਿਸੇ ਸਬੰਧੀ ਸ੍ਰੀ ਪਰਮਿੰਦਰ ਸਿੰਘ, ਨਰੀਖਕ ਸ/ਸ ਫੋ:ਪੁ: ਬਾਲੀਆਂ ਨੇ ਦੀ ਭਿੰਡਰਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਦੀ ਪ੍ਰਬੰਧਕ ਕਮੇਟੀ ਦਾ ਨਕਲ ਮਤਾ ਮਿਤੀ 30.08.2024 ਭੇਜਕੇ ਸਿਫਾਰਸ ਕੀਤੀ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ ਜੀ ਦੇ ਦਫਤਰ ਦੇ ਪੱਤਰ ਨੰ: ਰਸਸ/ਰਿਣ-2/ਸੀ.ਈ.ਏ.3/167 ਮਿਤੀ 21.06.2024 ਦੀ ਪਾਲਣਾ ਕਰਦੇ ਹੋਏ ਸਭਾ ਵਿੱਚ ਸੇਵਾਦਾਰ-ਕਮ-ਚੌਕੀਦਾਰ ਦੀ ਭਰਤੀ ਕਰਨੀ ਹੈ। ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ ਜੀ ਦੇ ਮੀਮੋ ਨੰ: ਰਸਸ/ਰਿਣ-2/ਸੀ.ਈ.ਏ.4/1022-24 ਮਿਤੀ 27/01/2020 ਅਨੁਸਾਰ ਕਰਮਚਾਰੀਆਂ ਦੀ ਭਰਤੀ ਸਬੰਧੀ ਪਾਰਦਰਸਤਾ ਲਿਆਉਣ ਲਈ ਇਸਤਿਹਾਰਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਹੁਕਮ ਕੀਤੇ ਗਏ ਹਨ। ਸੋ ਉਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਭਾ ਵੱਲੋ ਮਿਤੀ 05/09/2024 ਨੂੰ ਪੰਜਾਬੀ ਦੇ ਅਖਬਾਰ ਅਜੀਤ ਅਤੇ ਜਗ ਬਾਣੀ ਵਿੱਚ ਸੇਵਾਦਾਰ-ਕਮ-ਚੌਕੀਦਾਰ ਦੀ ਨਿਯੁਕਤੀ ਸਬੰਧੀ ਇਸਤਿਹਾਰ ਜਾਰੀ ਕੀਤਾ ਗਿਆ ਹੈ। ਇਨਾਂ ਇਸਤਿਹਾਰਾਂ ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਦੀ ਹੈ ਕਿ ਇਨ੍ਹਾਂ ਇਸਤਿਹਾਰਾ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

**ਨੱਥੀ :ਇਸਤਿਹਾਰਾ ਦੀ ਕਾਪੀ।**

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ, ਸੰਗਰੂਰ।

CamScanner

